# ਏਕੀਕ੍ਰਿਤ ਪੈਕ ਹਾਊਸ ਬਣਾਉਣ ਲਈ ਐਨ ਐਚ ਬੀ ਰਾਹੀਂ ਸਬਸਿਡੀ ਸੁਲੱਭ

ਭਾਰਤ ਸਰਕਾਰ ਵਪਾਰਕ ਬਾਗਬਾਨੀ ਨੂੰ ਹੁਲਾਰਾ ਦੇਣ ਲਈ ਵਾਢੀ ਤੋਂ ਬਾਅਦ ਦੀਆਂ ਵੱਖ-ਵੱਖ ਗਤੀਵਿਧੀਆਂ ਲਈ ਵਿੱਤੀ ਸਹਾਇਤਾ ਪ੍ਰਦਾਨ ਕਰ ਰਹੀ ਹੈ। ਆਪਣੇ ਰਾਸ਼ਟਰੀ ਬਾਗਬਾਨੀ ਬੋਰਡ (ਐਨ ਐਚ ਬੀ) ਰਾਹੀਂ, ਸਰਕਾਰ ਬਾਗਬਾਨੀ ਉਤਪਾਦਾਂ ਲਈ ਏਕੀਕ੍ਰਿਤ ਪੈਕ ਹਾਊਸ, ਜਿਸ ਵਿੱਚ ਕਨਵੇਅਰ ਬੈਲਟ, ਛਾਂਟਣ, ਗਰੇਡਿੰਗ ਇਕਾਈਆਂ, ਧੋਣ, ਸੁਕਾਉਣ ਅਤੇ ਤੋਲਣ ਦੀਆਂ ਸਹੂਲਤਾਂ ਸ਼ਾਮਿਲ ਹਨ, ਬਣਾਉਣ ਲਈ ਸਬਸਿਡੀ ਪ੍ਰਦਾਨ ਕਰ ਰਹੀ ਹੈ।

ਬੋਰਡ ਯੋਗ ਲਾਭਪਾਤਰੀਆਂ ਨੂੰ 9 ਮੀਟਰ ਗੁਣਾ 18 ਮੀਟਰ ਦਾ ਏਕੀਕ੍ਰਿਤ ਪੈਕ ਹਾਊਸ ਬਣਾਉਣ ਲਈ ਸਹਾਇਤਾ ਪ੍ਰਦਾਨ ਕਰ ਰਿਹਾ ਹੈ। ਲਾਭਪਾਤਰੀ ਅਜਿਹੀ ਸਹੂਲਤ ਬਣਾਉਣ ਲਈ ਪ੍ਰਾਜੈਕਟ ਲਾਗਤ ਦੇ 50% ਤੱਕ ਸਬਸਿਡੀ ਪ੍ਰਾਪਤ ਕਰ ਸਕਦੇ ਹਨ।

**ਸਹਾਇਤਾ ਦੀ ਸ਼ੈਲੀ:** 50 ਲੱਖ ਰੁਪਏ ਤੱਕ ਦੀ ਲਾਗਤ ਵਾਲੇ ਪ੍ਰਾਜੈਕਟ ਲਈ ਕ੍ਰੈਡਿਟ-ਲਿੰਕਡ ਬੈਕ-ਐਂਡ ਸਬਸਿਡੀ ਆਮ ਖੇਤਰਾਂ ਵਿੱਚ ਪ੍ਰਤੀ ਪ੍ਰਾਜੈਕਟ ਦੀ ਕੁੱਲ ਲਾਗਤ ਦਾ 35% ਜਾਂ 17.50 ਲੱਖ ਰੁਪਏ, ਜਿਹੜਾ ਵੀ ਘੱਟ ਹੋਵੇ, ਤੱਕ ਸੀਮਤ ਹੈ। ਉੱਤਰ-ਪੂਰਬੀ ਖੇਤਰ, ਪਹਾੜੀ ਰਾਜਾਂ ਅਤੇ ਅਨੁਸੂਚਿਤ ਖੇਤਰਾਂ ਲਈ ਸਬਸਿਡੀ ਪ੍ਰਾਜੈਕਟ ਲਾਗਤ ਦਾ 50% ਜਾਂ 25 ਲੱਖ ਰੁਪਏ, ਜਿਹੜਾ ਵੀ ਘੱਟ ਹੋਵੇ, ਤਕ ਸੀਮਤ ਹੈ। ਲਾਭਪਾਤਰੀਆਂ ਨੂੰ ਮਨੋਨੀਤ ਬੈਂਕਾਂ ਤੋਂ ਕਰਜ਼ਾ ਲੈਣ ਤੋਂ ਬਾਅਦ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ।

## ਵਿੱਤੀ ਸਹਾਇਤਾ ਲਈ ਯੋਗਤਾ

ਨਿਜੀ ਵਿਅਕਤੀ, ਕਿਸਾਨ ਉਤਪਾਦਕ/ਖਪਤਕਾਰ ਸਮੂਹ, ਕਿਸਾਨ ਉਤਪਾਦਕ ਸੰਸਥਾਵਾਂ (ਐ ਪੀ ਓ), ਭਾਈਵਾਲੀ/ਮਾਲਕੀਅਤ ਫਰਮਾਂ, ਸਵੈ-ਸਹਾਇਤਾ ਸਮੂਹ (ਐਸ ਐਚ ਜੀ), ਗੈਰ-ਸਰਕਾਰੀ ਸੰਸਥਾਵਾਂ, ਕੰਪਨੀਆਂ, ਕਾਰਪੋਰੇਸ਼ਨਾਂ, ਸਹਿਕਾਰੀ ਮਾਰਕੀਟਿੰਗ ਫੈਡਰੇਸ਼ਨਾਂ, ਖੇਤੀਬਾੜੀ ਉਤਪਾਦ ਮਾਰਕੀਟਿੰਗ ਕਮੇਟੀਆਂ, ਮਾਰਕੀਟਿੰਗ ਬੋਰਡ/ਕਮੇਟੀਆਂ, ਮਿਉਂਸਪਲ ਕਾਰਪੋਰੇਸ਼ਨਾਂ/ਕਮੇਟੀਆਂ, ਖੇਤੀ-ਉਦਯੋਗ ਇਕਾਈਆਂ, ਰਾਜ ਖੇਤੀਬਾੜੀ ਯੂਨੀਵਰਸਿਟੀਆਂ (ਐਸ ਏ ਯੂ) ਅਤੇ ਹੋਰ ਸਬੰਧਤ ਖੋਜ ਅਤੇ ਵਿਕਾਸ ਸੰਸਥਾਵਾਂ ਇਸ ਯੋਜਨਾ ਤਹਿਤ ਵਿੱਤੀ ਸਹਾਇਤਾ ਦੇ ਯੋਗ ਹਨ।

ਏਕੀਕ੍ਰਿਤ ਪੈਕ ਹਾਊਸ ਬਣਾਉਣ ਲਈ ਯੋਗਤਾ ਅਤੇ ਹੋਰ ਮਾਪਦੰਡਾਂ ਦੇ ਵੇਰਵੇ ਐਨ ਐਚ ਬੀ ਦੀ ਵੈੱਬਸਾਈਟ http://www.nhb.gov.in 'ਤੇ ਦਿੱਤੇ ਗਏ ਹਨ।